ਪੰਜਾਬ।
ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ
(ਚੋਣ ਸ਼ਾਖਾ)

ਸੇਵਾ ਵਿਖੇ

ਰਾਜ ਦੇ ਸਮੂਹ
ਡਿਪਟੀ ਕਮਿਸ਼ਨਰ-ਕਮ-
ਜਿਲਾ ਚੋਣਕਾਰ ਅਫਸਰ।

ਪੱਤਰ ਨੰ: ਡੀਪੀ.ਈ 1/2008/ 17640 - 17660
ਚੰਡੀਗੜ੍ਹ, ਮਿਤੀ 27/5/2008

ਵਿਸ਼ਾ:- ਗਰਾਮ ਪੰਚਾਇਤਾਂ ਦੇ ਸਰਪੰਚਾਂ ਦੀ ਚੋਣ ਕਰਨ ਸਮੇਂ ਅਨੁਸੂਚਿਤ ਜਾਤੀ ਅਤੇ ਇਸਤਰੀ ਜਾਤੀ ਲਈ ਰਿਜ਼ਰਵ ਅਹੁੱਦਿਆਂ ਸਬੰਧੀ ਸੰਭਾਵਿਤ ਪ੍ਰਸਥਿਤੀਆਂ ਨਾਲ ਨਜਿੱਠਣ ਬਾਰੇ ਸਪਸ਼ਟੀਕਰਨ।

=====

ਰਾਜ ਚੋਣ ਕਮਿਸ਼ਨ ਨੂੰ ਪ੍ਰਾਪਤ ਹੋਈ ਸ੍ਰੀ ਹਰਦੇਵ ਸਿੰਘ ਅਰਸ਼ੀ, ਸਾਬਕਾ ਐਮ.ਐਲ.ਏ ਦੀ ਪ੍ਰਤੀ ਬੇਨਤੀ ਕਿ, ਪੰਜਾਬ ਪੰਚਾਇਤੀ ਰਾਜ ਐਕਟ, 1994 ਵਿੱਚ ਸਾਲ 2008 ਵਿੱਚ ਕੀਤੀ ਗਈ ਸੋਧ ਕਾਰਨ, ਗਰਾਮ ਪੰਚਾਇਤ ਦੇ ਸਰਪੰਚ ਦੀ ਚੋਣ ਚੁਣੇ ਗਏ ਪੰਚਾਂ ਰਾਹੀਂ ਕੀਤੀ ਜਾਣ ਦੀ ਪ੍ਰਣਾਲੀ ਸ਼ੁਰੂ ਹੋ ਗਈ ਹੈ। ਇਸ ਪ੍ਰਣਾਲੀ ਅਧੀਨ ਜੇਕਰ ਕਿਸੇ ਗਰਾਮ ਪੰਚਾਇਤ ਵਿੱਚ ਅਨੁਸੂਚਿਤ ਜਾਤੀ ਇਸਤਰੀ/ ਅਨੁਸੂਚਿਤ ਜਾਤੀ / ਇਸਤਰੀ ਵਰਗ ਲਈ ਸਰਪੰਚ ਦਾ ਅਹੁੱਦਾ ਰਿਜ਼ਰਵ ਹੁੰਦਾ ਹੈ ਅਤੇ ਉਸ ਪੰਚਾਇਤ ਵਿੱਚ ਇਕ ਜਾਂ ਦੋ ਹੀ ਇਸ ਵਰਗ ਦਾ ਪੰਚ ਹੋਣ ਅਤੇ ਉਹ ਆਪਣੀ ਇੱਛਾ ਨਾਲ ਸਰਪੰਚ ਦੀ ਚੋਣ ਲੜਨ ਤੋਂ ਇਨਕਾਰ ਕਰ ਦੇਣ ਤਦ ਅਜਿਹੀ ਸਥਿਤੀ ਨਜਿੱਠਣ ਲਈ ਦੂਸਰੇ ਕਿਸ ਵਰਗ ਦੇ ਪੰਚਾਂ ਨੂੰ ਸਰਪੰਚ ਦੀ ਚੋਣ ਲੜਨ ਦੀ ਆਗਿਆ ਦੇਣੀ ਠੀਕ ਹੋਵੇਗੀ।

2. ਦੂਸਰੀ ਸ਼ੰਕਾ ਇਹ ਉਠਾਈ ਗਈ ਹੈ ਕਿ ਜੇਕਰ ਕੋਈ ਅਨੁਸੂਚਿਤ ਜਾਤੀ ਨਾਲ ਸਬੰਧਤ ਵਿਅਕਤੀ ਜਨਰਲ ਵਰਗ ਅਧੀਨ ਪੰਚ ਬਣ ਜਾਂਦਾ ਹੈ, ਕੀ ਉਹ ਪੰਚ ਬਾਅਦ ਵਿੱਚ ਅਨੁਸੂਚਿਤ ਜਾਤੀ ਦਾ ਸਰਟੀਫਿਕੇਟ ਪੇਸ਼ ਕਰਕੇ ਅਨੁਸੂਚਿਤ ਜਾਤੀ ਲਈ ਰਾਖਵੇਂ ਕੀਤੇ ਗਏ ਸਰਪੰਚ ਦੇ ਅਹੁੱਦੇ ਲਈ ਚੋਣ ਲੜ ਸਕਦਾ ਹੈ।

3. ਉਕਤ ਨੁਕਤਿਆਂ ਸਬੰਧੀ ਸਰਕਾਰ ਪੱਧਰ ਤੇ ਵਿਚਾਰ ਕਰਨ ਤੇ ਹੇਠ ਲਿਖੇ ਅਨੁਸਾਰ ਨਿਰਣਾ ਲਿਆ ਗਿਆ ਹੈ:-

ੳ) ਜੇਕਰ ਸਰਪੰਚ ਦਾ ਅਹੁੱਦਾ ਅਨੁਸੂਚਿਤ ਜਾਤੀ ਇਸਤਰੀ ਲਈ ਰਿਜ਼ਰਵ ਹੈ ਅਤੇ ਇਸ ਵਰਗ ਦੀ ਪੰਚ ਚੋਣ ਲੜਨ ਤੋਂ ਇਨਕਾਰ ਕਰ ਦੇਵੇ ਤਦ ਇਸ ਅਹੁੱਦੇ ਲਈ ਦੂਸਰੇ ਅਨੁਸੂਚਿਤ ਜਾਤੀ ਪੰਚ ਅਤੇ ਇਸਤਰੀ ਵਰਗ ਦੇ ਪੰਚ ਨੂੰ ਬਰਾਬਰ ਚੋਣ ਲੜਨ ਦੀ ਆਗਿਆ ਦਿੱਤੀ ਜਾਵੇ।

ਅ) ਜੇਕਰ ਸਰਪੰਚ ਦਾ ਅਹੁੱਦਾ ਅਨੁਸੂਚਿਤ ਜਾਤੀ ਲਈ ਰਿਜਰਵ ਹੋਵੇ ਅਤੇ ਇਸ ਵਰਗ ਦੇ ਪੰਚ ਚੋਣ ਲੜਨ ਤੋਂ ਇਨਕਾਰ ਕਰ ਦੇਣ ਤਦ ਸਰਪੰਚ ਦਾ ਅਹੁੱਦਾ ਸਾਰੇ ਵਰਗ ਦੇ ਚਾਹਵਾਨ ਪੰਚਾਂ ਵਿਚੋਂ ਭਰਨ ਦਾ ਸੋਚਿਆ ਦਿੱਤਾ ਜਾਣਾ ਹੈ।

ਞ) ਜੇਕਰ ਸਰਪੰਚ ਦਾ ਅਹੁੱਦਾ ਇਸਤਰੀ ਵਰਗ ਦੇ ਪੰਚ ਲਈ ਰਿਜ਼ਰਵ ਰੱਖਿਆ ਹੋਵੇ ਅਤੇ ਇਸ ਵਰਗ ਦੇ ਪੰਚ (ਭਾਵ ਇਸਤਰੀ) ਸਰਪੰਚ ਦੀ ਚੋਣ ਲੜਨ ਤੋ ਇਨਕਾਰ ਕਰ ਦੇਣ ਤਾਂ ਇਹ ਅਹੁੱਦਾ ਦੂਸਰੇ ਸਾਰੇ ਚਾਹਵਾਨ ਪੰਚਾਂ ਵਿਚੋਂ ਭਰਿਆ ਜਾਵੇਗਾ।

ਸ) ਉਕਤ ਨੁਕਤਾ ਨੰਬਰ 2 ਦੇ ਸਬੰਧ ਵਿੱਚ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕੋਈ ਅਨੁਸੂਚਿਤ ਜਾਤੀ ਵਰਗ ਦਾ ਵਿਅਕਤੀ ਜਨਰਲ ਵਰਗ ਦੀ ਸੀਟ ਤੇ ਚੋਣ ਲੜ ਕੇ ਪੰਚ ਬਣ ਜਾਂਦਾ ਹੈ,ਤਾਂ ਉਹ ਅਨੁਸੂਚਿਤ ਜਾਤੀ ਵਰਗ ਲਈ ਰਿਜ਼ਰਵ ਕੀਤੀ ਸਰਪੰਚ ਦੀ ਅਹੁੱਦੇ ਲਈ ਚੋਣ ਲੜ ਸਕਦਾ ਹੈ। ਪਰ ਸ਼ਰਤ ਹੈ ਕਿ ਉਹ ਆਪਣੇ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਤ ਹੋਣ ਦਾ ਜਾਤੀ ਸਰਟੀਫਿਕੇਟ ਸਰਪੰਚ ਦੀ ਚੋਣ ਸਮੇਂ ਚੋਣ ਅਧਿਕਾਰੀ ਨੂੰ ਪੇਸ਼ ਕਰੇ।ਇਸੇ ਤਰ੍ਹਾਂ ਜੇਕਰ ਜਨਰਲ ਇਸਤਰੀ ਜਨਰਲ ਵਰਗ ਦੀ ਸੀਟ ਤੇ ਚੋਣ ਲੜ ਕੇ ਪੰਚ ਬਣ ਜਾਂਦੀ ਹੈ ਤਾਂ ਉਹ ਵੀ ਇਸਤਰੀ ਵਰਗ ਲਈ ਰਿਜ਼ਰਵ ਕੀਤੇ ਗਏ ਸਰਪੰਚ ਦੇ ਅਹੁੱਦੇ ਲਈ ਚੋਣ ਲੜਨ ਦੇ ਯੋਗ ਹੋਵੇਗੀ।

ਹ) ਇਥੇ ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਰਿਜ਼ਰਵ ਵਰਗ ਨਾਲ ਸਿੱਧਾ ਸਬੰਧ ਰੱਖਣ ਵਾਲੇ ਪੰਚ ਦੂਸਰੇ ਵਰਗਾਂ ਜਿਵੇਂ ਕਿ ਅਨੁਸੂਚਿਤ ਇਸਤਰੀ ਜਾਤੀ ਦੀ ਪੰਚ ਅੱਗੇ ਅਨੁਸੂਚਿਤ ਜਾਤੀ, ਇਸਤਰੀ ਵਰਗ ਅਤੇ ਜਨਰਲ ਵਰਗ ਲਈ ਚੋਣ ਲੜ ਸਕਦੀ ਹੈ। ਇਸੇ ਤਰ੍ਹਾਂ ਅਨੁਸੂਚਿਤ ਜਾਤੀ ਵਰਗ ਦਾ ਪੰਚ ਅੱਗੇ ਜਨਰਲ ਵਰਗ ਲਈ ਅਤੇ ਜਨਰਲ ਇਸਤਰੀ ਪੰਚ ਅੱਗੇ ਜਨਰਲ ਵਰਗ ਲਈ ਸਰਪੰਚ ਦੀ ਚੋਣ ਲੜ ਸਕਦੇ ਹਨ।

ਉਕਤ ਵਰਨਣ ਸੰਭਾਵਿਤ ਸਥਿਤੀਆਂ ਦੇ ਸਬੰਧ ਵਿੱਚ ਚੋਣ ਅਧਿਕਾਰੀ ਬੜੀ ਸਾਵਧਾਨੀ ਨਾਲ ਇਸ ਪੱਖ ਦੀ ਘੋਖ ਕਰਨ ਕਿ ਅਨੁਸੂਚਿਤ ਜਾਤੀ/ਇਸਤਰੀ ਵਰਗ ਲਈ ਰਾਖਵੇਂ ਸਰਪੰਚ ਦੇ ਅਹੁੱਦੇ ਲਈ ਯੋਗ ਅਨੁਸੂਚਿਤ ਜਾਤੀ/ਇਸਤਰੀ ਜਾਤੀ ਪੰਚ ਆਪਣੀ ਸਵੈ ਇੱਛਾ ਨਾਲ ਸਰਪੰਚ ਦੀ ਚੋਣ ਲੜਨ ਤੋਂ ਇਨਕਾਰੀ ਹੋਵੇ ਨਾ ਕਿ ਉਹ ਕਿਸੇ ਬਾਹਰੀ ਦਬਾਅ ਜਾਂ ਡਰ ਕਾਰਨ ਚੋਣ ਲੜਨ ਤੋਂ ਰੋਕਿਆ ਗਿਆ ਹੋਵੇ।ਇਸ ਤਰ੍ਹਾਂ ਲੋਕਤੰਤਰ ਦਾ ਚੋਣ ਲੜਨ ਦਾ ਮੁਢਲਾ ਅਧਿਕਾਰ ਕਿਸੇ ਵਿਅਕਤੀ ਤੋ ਖੋਹਿਆ ਨਾ ਜਾਵੇ।

ਸਕੱਤਰ-ਕਮ-ਡਾਇਰੈਕਟਰ ਪੇਂਡੂ ਵਿਕਾਸ ਅਤੇ
ਪੰਚਾਇਤ ਵਿਭਾਗ ,ਪੰਜਾਬ।

ਪਿੱਠ ਅਕਣ ਨੰ: ਡੀਪੀ.ਈ 1/2008/ 1761-62 ਚੰਡੀਗੜ੍ਹ,ਮਿਤੀ 27/5/2008

ਉਪਰੋਕਤ ਦਾ ਇਕ ਉਤਾਰਾ:-

1. ਰਾਜ ਚੋਣ ਕਮਿਸ਼ਨ ਦੇ ਦਫਤਰ ਪੱਤਰ ਨੰ: ਐਸ.ਈ.ਸੀ.-2008/3982,ਮਿਤੀ 24-4-2008 ਦੇ ਹਵਾਲੇ ਵਿੱਚ ਸੂਚਨਾ ਲਈ ਭੇਜਿਆ ਜਾਂਦਾ ਹੈ;
2. ਸ੍ਰੀ ਹਰਦੇਵ ਸਿੰਘ ਅਰਸ਼ੀ,ਸਾਬਕਾ ਐਮ.ਐਲ.ਏ 3-ਟੈਗੋਰ ਨਗਰ,ਡਾਕਟਰ ਮੇਲਾ ਰਾਮ ਰੋਡ,ਬਠਿੰਡਾ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ।

ਸਕੱਤਰ-ਕਮ-ਡਾਇਰੈਕਟਰ ਪੇਂਡੂ ਵਿਕਾਸ ਅਤੇ
ਪੰਚਾਇਤ ਵਿਭਾਗ ,ਪੰਜਾਬ।